ਬੱਚਿਆਂ ਲਈ ਬਾਈਬਲ

ਉੱਪਸਥਿਤ



# ਅੱਗ ਵਾਲਾ ਮਨੁੱਖ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus

ਦੁਆਰਾ ਬਦਲਿਆ ਗਿਆ : E. Frischbutter

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2014 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਇਸਰਾਏਲ ਲਈ ਸਭ ਕੁਝ ਬੁਰਾ ਲੱਗ ਰਿਹਾ ਸੀ। ਬਾਦਸ਼ਾਹ ਅਤੇ ਰਾਣੀ ਪਰਮੇਸ਼ਵਰ ਤੋਂ ਨਫ਼ਰਤ ਕਰਦੇ ਸਨ। ਕਿੰਨੀ ਬੁਰੀ ਉਦਾਹਰਣ ਹੈ! ਜਲਦ ਹੀ ਲੋਕਾ ਨੇ ਵੀ ਪਰਮੇਸ਼ਵਰ ਤੋਂ ਨਫ਼ਰਤ ਕੀਤੀ ਅਤੇ ਝੂਠੇ ਦੇਵਤਿਆਂ ਦੀ ਉਪਾਸਨਾ ਕੀਤੀ। ਕੀ ਕੋਈ ਪਰਮੇਸ਼ਵਰ ਨੂੰ ਪਿਆਰ ਕਰਦਾ ਸੀ?



ਜੀ ਹਾਂ, ਉੱਥੇ ਕੁਝ ਵਿਸ਼ਵਾਸ਼ ਯੋਗ ਉਪਾਸਕ ਸਨ। ਇੱਕ ਦਿਨ, ਪਰਮੇਸ਼ਵਰ ਉਹਨਾਂ ਵਿੱਚੋਂ ਏਲੀਆਹ ਨਾ ਦੇ ਮਨੁੱਖ ਨੂੰ ਬੋਲਿਆ।



ਏਲੀਆਹ ਨੇ ਦੁਸ਼ਟ ਬਾਦਸ਼ਾਹ ਆਹਾਬ ਨੂੰ ਕਿਹਾ, “ਜੋ ਇਸਰਾਏਲ ਦਾ ਜਿਉਂਦਾ ਯਹੋਵਾ ਪਰਮੇਸ਼ਵਰ ਕਹਿੰਦਾ ਹੈ, ਮੇਰੇ ਸ਼ਬਦਾਂ ਤੋਂ ਬਿਨਾਂ ਇਹਨਾਂ ਸਾਲਾਂ ਵਿੱਚ ਇੱਥੇ ਨਾ ਤਾਂ ਤਰੇਲ ਅਤੇ ਨਾ ਹੀ ਬਾਰਿਸ਼ ਹੋਵੇਗੀ।” ਇਸ ਦਾ ਮਤਲਬ ਅਕਾਲ! ਪਰਮੇਸ਼ਵਰ ਆਪਣੇ ਇਸਰਾਏਲੀ ਲੋਕਾਂ ਨੂੰ ਉਹਨਾਂ ਦੀ ਦੁਸ਼ਟਤਾ ਵਿੱਚ ਨਹੀ ਜਾਣ ਦੇਵੇਗਾ।





ਬਾਦਸ਼ਾਹ ਨੂੰ
ਚੇਤਾਵਨੀ ਦੇਣ ਤੋਂ
ਬਾਅਦ, ਪਰਮੇਸ਼ਵਰ ਨੇ
ਏਲੀਆਹ ਨੂੰ ਦੇਸ਼ ਦੇ
ਸੁਨਸਾਨ ਇਲਾਕੇ
ਵਿੱਚ ਭੇਜ ਦਿੱਤਾ।
ਉੱਥੇ ਕਿਦਰੋਨ ਦੇ
ਨਾਲੇ ਤੇ ਏਲੀਆਹ ਨੇ ਇੰਤਜ਼ਾਰ ਕੀਤਾ। ਪਰਮੇਸ਼ਵਰ ਨੇ ਉਸਨੂੰ ਭੋਜਨ
ਦੇਣ ਲਈ ਕਾਂ ਘੱਲੇ। ਉਹ ਸਵੇਰ ਵੇਲੇ ਅਤੇ ਸ਼ਾਮ ਦੇ ਵੇਲੇ ਮੀਟ ਅਤੇ
ਰੋਟੀ ਲੈ ਕੇ ਆਏ। ਅਤੇ ਏਲੀਆਹ ਨੇ ਕਿਦਰੋਨ ਤੋਂ ਪਾਣੀ ਪੀਤਾ।



ਜਲਦ ਹੀ ਕਿਦਰੋਨ ਦਾ ਨਾਲਾ ਸੁੱਕ ਗਿਆ, ਕਿਉਂਕਿ ਉਸ ਦੇਸ਼ ਵਿੱਚ ਬਾਰਿਸ਼ ਨਹੀ ਹੋਈ ਸੀ। ਪਰਮੇਸ਼ਵਰ ਦੇ ਵਚਨ ਸੱਚ ਹੋ ਰਹੇ ਸਨ। ਸਾਰੇ ਦੇਸ਼ ਵਿੱਚ ਪਾਣੀ ਦੀ ਘਾਟ ਸੀ। ਫ਼ਸਲ ਨਹੀ ਵਧ ਰਹੀ ਸੀ। ਲੋਕ ਭੁੱਖੇ ਸਨ। ਸ਼ਾਇਦ ਏਲੀਆਹ ਹੈਰਾਨ ਹੋਇਆ ਹੋਣਾ ਕੀ ਪਾਣੀ ਜਾਣ ਤੋਂ ਬਾਅਦ ਉਸਦਾ ਕੀ ਹੋਵੇਗਾ।

ਪਰਮੇਸ਼ਵਰ ਨੇ ਏਲੀਆਹ ਨੂੰ ਕਿਹਾ, “ਖੁੜਾ ਹੋ ਜ਼ਰੇਪਾਥ ਨੂੰ ਜਾਹ ਅਤੇ ਉੱਥੇ ਰਹਿ, ਮੈ ਉੱਥੇ ਇੱਕ ਵਿਧਵਾ ਨੂੰ ਤੈਨੂੰ ਖਵਾਉਣ ਲਈ ਕਿਹਾ ਹੈ।” ਪਰਮੇਸ਼ਵਰ ਆਪਣੇ ਦਾਸ ਦੀਆਂ ਜਰੂਰਤਾਂ ਜਾਣਦਾ ਸੀ। ਪਰ ਉਹਨਾਂ ਨੂੰ ਪੂਰਿਆ ਕਰਨ ਦਾ ਤਰੀਕਾ ਅਦਭੁਤ ਸੀ।





ਏਲੀਯਾਹ ਨੇ ਦੀਨਤਾ ਦੇ
ਨਾਲ ਪਰਮੇਸ਼ਵਰ ਦੀ
ਆਗਿਆ ਨੂੰ ਮੰਨਿਆ।
ਜਦ ਉਹ ਜਰੇਪਾਥ ਨੂੰ
ਗਿਆ, ਇੱਕ ਵਿਧਵਾ
ਸ਼ਹਿਰ ਦੇ ਫਾਟਕ ਤੇ
ਅੱਗ ਬਾਲਣ ਲਈ
ਲੱਕੜਾਂ ਇਕੱਠੀਆਂ
ਕਰ ਰਹੀ ਸੀ।

ਏਲੀਆਹ ਨੇ ਔਰਤ ਨੂੰ ਆਖਿਆ,
“ਕਿਰਪਾ ਕਰਕੇ ਇੱਕ ਕੱਪ ਵਿੱਚ
ਮੇਰੇ ਲਈ ਪਾਣੀ ਲਿਆ।”
“ਕਿਰਪਾ ਕਰਕੇ ਇੱਕ ਰੋਟੀ
ਦਾ ਟੁਕੜਾ ਵੀ ਲਿਆਵੀ।”
ਔਰਤ ਨੇ ਉੱਤਰ ਦਿੱਤਾ।
“ਮੇਰੇ ਕੋਲ ਰੋਟੀ ਨਹੀ ਹੈ,”
“ਬਰਤਨ ਵਿੱਚ ਸਿਰਫ਼
ਇੱਕ ਮੁੱਠੀ ਆਟਾ ਅਤੇ
ਇੱਕ
ਕੁੱਪੀ
ਤੇਲ ਹੈ।”



ਦੁੱਖ ਨਾਲ ਉਸ ਔਰਤ ਨੇ
ਨਬੀ ਨੂੰ ਕਿਹਾ ਕੀ ਜਦ ਇਹ
ਖਤਮ ਹੋ ਜਾਵੇਗਾ, ਤਦ ਉਹ
ਅਤੇ ਉਸਦਾ ਪੁੱਤਰ ਭੁੱਖ
ਨਾਲ ਮਰ ਜਾਣਗੇ।



“ਡਰ ਨਾਂ, ਪਹਿਲਾਂ ਮੇਰੇ ਲਈ ਇੱਕ ਰੋਟੀ ਬਣਾ, ਅਤੇ ਫ਼ਿਰ ਆਪਣੇ ਲਈ ਅਤੇ ਆਪਣੇ ਪੁੱਤਰ ਲਈ ਬਣਾਈ,” ਏਲੀਆਹ ਨੇ ਆਖਿਆ। “ਜਦ ਤੱਕ ਪਰਮੇਸ਼ਵਰ ਧਰਤੀ ਤੇ ਮੀਂਹ ਨਾ ਪਾਵੇ ਤਦ ਤੱਕ ਨਾ ਤਾਂ ਇਹ ਆਟਾ ਮੁੱਕੇਗਾ ਅਤੇ ਨਾ ਹੀ ਤੇਲ ਮੁੱਕੇਗਾ।” ਉਸ ਨੂੰ ਕਰਨ ਲਈ ਪਰਮੇਸ਼ਵਰ ਨੂੰ ਚਮਤਕਾਰੀ ਕੰਮ ਕਰਨਾ ਪਵੇਗਾ। ਅਤੇ ਉਸਨੇ ਕੀਤਾ! ਉਸ ਔਰਤ ਅਤੇ ਉਸਦੇ ਪੁੱਤਰ ਨੇ ਬਹੁਤ ਦਿਨ ਤੱਕ ਖਾਦਾ, ਨਾ ਹੀ ਉਸਦਾ ਮੁੱਠੀ ਭਰ ਆਟਾ ਮੁੱਕਿਆ ਅਤੇ ਨਾ ਹੀ ਕੁੱਪੀ ਭਰ ਤੇਲ ਮੁੱਕਿਆ।



ਏਲੀਆਹ ਉਹਨਾਂ ਦੇ ਨਾਲ ਰਿਹਾ। ਇੱਕ ਦਿਨ ਦੁੱਖ ਭਰੀ ਘਟਨਾ ਵਾਪਰੀ। ਵਿਧਵਾ ਦਾ ਪੁੱਤਰ ਮਰ ਗਿਆ। ਏਲੀਆਹ ਲੜਕੇ ਦੇ ਸਰੀਰ ਨੂੰ ਉੱਪਰ ਵਾਲੇ ਕਮਰੇ ਵਿੱਚ ਲੈ ਗਿਆ। ਉਹ ਪਰਮੇਸ਼ਵਰ ਦੇ ਸਾਹਮਣੇ ਇਹ ਕਹਿ ਕੇ ਚਿਲਾਇਆ, "ਹੇ ਮੇਰੇ ਪਰਮੇਸ਼ਵਰ ਯਹੋਵਾ ਮੈਂ ਪ੍ਰਾਥਨਾਂ ਕਰਦਾ ਹਾਂ, ਇਸ ਬੱਚੇ ਦੀ ਆਤਮਾ ਇਸ ਵਿੱਚ ਵਾਪਸ ਭੇਜ ਦੇਹ।"



ਇਹ ਕਿੰਨੀ ਨਾਮੁਮਕਿਨ ਪ੍ਰਾਥਨਾਂ ਸੀ!

ਪਰਮੇਸ਼ਵਰ ਨੇ ਏਲੀਆਹ ਦੀ ਆਵਾਜ ਨੂੰ ਸੁਣਿਆ ਅਤੇ ਬੱਚੇ ਦਾ ਆਤਮਾਂ ਉਸ ਵਿੱਚ ਵਾਪਸ ਆ ਗਿਆ, ਅਤੇ ਉਹ ਜਿੰਦਾ ਹੋ ਗਿਆ। ਜਦ ਏਲੀਆਹ ਨੇ ਬੱਚੇ ਨੂੰ ਲਿਜਾ ਕੇ ਉਸਦੀ ਮਾਤਾ ਨੂੰ ਦਿੱਤਾ ਤਾਂ ਉਸਨੇ ਕਿਹਾ, "ਹੁਣ ਇਸ ਦੇ ਦੁਆਰਾ ਮੈਂ ਜਾਣਿਆ ਕੀ ਤੇਰੇ ਮੂੰਹ ਵਿੱਚ ਯਹੋਵਾ ਦਾ ਵਚਨ ਸੱਚਾ ਹੈ।"



ਤਿੰਨ ਸਾਲਾਂ ਬਾਅਦ, ਪਰਮੇਸ਼ਵਰ ਨੇ ਏਲੀਆਹ ਨੂੰ ਵਾਪਸ ਬਾਦਸ਼ਾਹ ਦੇ ਕੋਲ ਕਹਿਣ ਲਈ ਘੱਲਿਆ, “ਮੈਂ ਧਰਤੀ ਉੱਤੇ ਮੀਂਹ ਭੇਜਾਂਗਾ।”



ਆਹਾਬ ਦੇ ਕੋਲ ਜਾਹ? ਉਸਦੀ ਪਤਨੀ ਜ਼ਿਜਬੈਲ ਨੇ ਪਹਿਲਾਂ ਹੀ ਪਰਮੇਸ਼ਵਰ ਦੇ ਇੱਕ ਸੌ ਨਬੀਆਂ ਨੂੰ ਮਾਰ ਦਿੱਤਾ ਹੈ। ਪਰ ਏਲੀਆਹ ਨੇ ਕੋਈ ਵਿਵਾਦ ਨਾ ਕੀਤਾ। ਉਹ ਬਾਦਸ਼ਾਹ ਆਹਾਬ ਦੇ ਕੋਲ ਗਿਆ।



ਜਦ ਦੋ ਮਨੁੱਖ ਮਿਲੇ,
ਏਲੀਆਹ ਨੇ ਆਹਾਬ ਨੂੰ
ਲਲਕਾਰਿਆ ਕੀ ਉਹ ਸਾਰੇ
ਇਸਰਾਏਲ ਨੂੰ ਅਤੇ ਅੱਠ ਸੌ
ਪੰਜਾਹ ਝੂਠੇ ਨਬੀਆਂ ਨੂੰ
ਇਕੱਠਾ ਕਰੇ। ਕਰਮੈਲ ਨਾ
ਦੇ ਪਹਾੜ ਤੇ ਏਲੀਆਹ
ਲੋਕਾਂ ਨੂੰ ਬੋਲਿਆ। “ਜੇਕਰ
ਯਹੋਵਾ ਹੀ ਪਰਮੇਸ਼ਵਰ ਹੈ,
ਤਾਂ ਉਸਦੇ ਪਿੱਛੇ ਚੱਲੋ।”



ਬਲੀਦਾਨ ਲਈ ਏਲੀਆਹ ਨੇ ਦੋ ਬਲਦ ਤੈਆਰ ਕੀਤੇ। ਪਰ ਉਹਨਾਂ ਨੂੰ ਬਾਲਣ ਲਈ ਕੋਈ ਅੱਗ ਦੀ ਵਰਤੋ ਨਹੀ ਕੀਤੀ ਗਈ। “ਤੁਸੀ ਆਪਣੇ ਦੇਵਤੇ ਨੂੰ ਪੁਕਾਰੋ, ਅਤੇ ਮੈ ਆਪਣੇ ਯਹੋਵਾ ਨੂੰ ਪੁਕਰਾਂਗਾ,” ਉਸਨੇ ਕਿਹਾ। “ਅਤੇ ਜੋ ਪਰਮੇਸ਼ਵਰ ਅੱਗ ਨਾਲ ਉੱਤਰ ਦੇਵੇਗਾ, ਉਹ ਹੀ ਪਰਮੇਸ਼ਵਰ ਹੈ।” ਲੋਕਾਂ ਨੇ ਉੱਤਰ ਦਿੱਤਾ, “ਇਹ ਸਹੀ ਕਿਹਾ ਹੈ।”



ਸਵੇਰ ਤੋ ਲੈ ਕੇ ਸ਼ਾਮ ਤੱਕ ਝੂਠੇ ਨਬੀ ਆਪਣੇ ਝੂਠੇ ਦੇਵਤਿਆਂ ਨੂੰ ਪੁਕਾਰਦੇ ਰਹੇ। ਉਹ ਉੱਛਲੇ ਅਤੇ ਨੱਚੇ ਅਤੇ ਆਪਣੇ ਆਪ ਨੂੰ ਵੀ ਚਾਕੂਆਂ ਨਾਲ ਕੱਟ ਲਿਆ। ਪਰ ਅੱਗ ਨਹੀ ਆਈ।





ਤਦ ਏਲੀਆਹ ਨੇ
ਲੱਕੜ੍ਹਾਂ ਅਤੇ ਬਲੀਦਾਨ
ਨੂੰ ਪਾਣੀ ਨਾਲ ਭੇਂ ਦਿੱਤਾ
ਅਤੇ ਪ੍ਰਾਥਨਾਂ ਕੀਤੀ।
“ਹੇ ਪਰਮੇਸ਼ਵਰ, ਮੇਰੀ
ਸੁਣ, ਤਾਂ ਜੋ ਲੋਕ ਜਾਨਣ
ਕੇ ਤੁਸੀ ਹੀ ਯਹੋਵਾ
ਪਰਮੇਸ਼ਵਰ ਹੋ ...।”
ਤਦ ਪਰਮੇਸ਼ਵਰ ਦੀ ਅੱਗ
ਡਿੱਗੀ। ਉਸਨੇ ਲੱਕੜ੍ਹਾਂ ਨੂੰ
ਅਤੇ ਬਲਦਾਂ ਨੂੰ ਸਾੜ੍ਹ
ਦਿੱਤਾ। ਤਦ ਉਸਨੇ ਵੇਦੀ
ਦੇ ਪੱਥਰ ਵੀ ਸਾੜ੍ਹ ਦਿੱਤੇ!

ਜਦ ਲੋਕਾਂ ਨੇ ਇਹ ਵੇਖਿਆ, ਉਹਨਾਂ ਕਿਹਾ, “ਯਹੋਵਾ ਹੀ ਪਰਮੇਸ਼ਵਰ ਹੈ!” ਅਤੇ ਏਲੀਆਹ ਨੇ ਕਿਹਾ, “ਬਾਲ ਦੇ ਨਬੀਆਂ ਨੂੰ ਮਾਰ ਦਿਉ। ਇਹਨਾਂ ਵਿੱਚੋਂ ਇੱਕ ਵੀ ਬਚਣਾ ਨਹੀ ਚਾਹੀਦਾ!” ਏਲੀਆਹ ਨੇ ਉਹ ਕੀਤਾ ਜੋ ਆਹਾਬ ਬਾਦਸ਼ਾਹ ਨੇ ਬਹੁਤ ਸਮਾਂ ਪਹਿਲਾਂ ਕੀਤਾ ਸੀ। ਉਸਨੇ ਝੂਠੇ ਨਬੀਆਂ ਨੂੰ ਮਾਰ ਦਿੱਤਾ।



ਤਦ ਪਰਮੇਸ਼ਵਰ ਦੇ ਦਾਸ ਨੇ
ਆਹਾਬ ਨੂੰ ਕਿਹਾ ਕੀ ਮੀਂਹ
ਰਸਤੇ ਵਿੱਚ ਹੈ। ਜਲਦ ਹੀ ਇੱਕ
ਛੋਟਾ ਜਿਹਾ ਬੱਦਲ ਪਰਗਟ ਹੋਇਆ।
ਕੀ ਉੱਥੇ ਮੀਂਹ ਪਵੇਗਾ? ਤਿੰਨ ਸਾਲਾਂ ਤੋਂ
ਜਿਆਦਾ ਦੇਰ ਦੇ ਮੌਤ ਦੇ ਸੋਕੇ ਤੋਂ ਬਾਅਦ?





ਉਸ ਥੋੜੀ ਦੇਰ ਦੇ ਵਿੱਚ
ਹਵਾਂ ਅਤੇ ਬੱਦਲਾਂ ਦੇ ਨਾਲ
ਸਾਰਾ ਅਸਮਾਨ ਕਾਲਾ ਹੋ
ਗਿਆ, ਅਤੇ ਇੱਕ ਭਾਰੀ
ਮੀਂਹ ਪਿਆ। ਪਰਮੇਸ਼ਵਰ ਨੇ
ਮੀਂਹ ਘੱਲਿਆ। ਪਰਮੇਸ਼ਵਰ
ਨੇ ਲੋਕਾਂ ਨੂੰ ਦੱਸਿਆ ਕੀ
ਏਲੀਆਹ ਸੱਚ ਬੋਲ ਰਿਹਾ
ਸੀ। ਪਰਮੇਸ਼ਵਰ ਨੇ
ਦਿਖਾਇਆ ਕੀ ਉਹ
ਇਕੱਲਾ ਹੀ ਸੱਚਾ
ਪਰਮੇਸ਼ਵਰ ਹੈ।



ਕੀ ਤੁਸੀ ਸੋਚਦੇ ਹੋ ਕੀ
ਬਾਦਸ਼ਾਹ ਆਹਾਬ ਨੇ
ਪਰਮੇਸ਼ਵਰ ਅਤੇ ਉਸਦੇ ਦਾਸ
ਏਲੀਆਹ ਦੀ ਇੱਜ਼ਤ ਕੀਤੀ?
ਨਹੀ! ਉਸਦੀ ਥਾਂ, ਜ਼ਿਜਬੇਲ ਨੇ
ਏਲੀਆਹ ਨੂੰ ਮਾਰਨ ਦੀ
ਕੋਸ਼ਿਸ਼ ਕੀਤੀ, ਪਰ ਉਹ ਬਚ
ਗਿਆ। ਅੰਤ ਵਿੱਚ ਆਹਾਬ
ਲੜਾਂਈ ਦੌਰਾਨ ਮਰ ਗਿਆ
ਅਤੇ ਉਸਦੇ ਨੌਕਰਾਂ ਨੇ ਜ਼ਿਜਬੇਲ
ਨੂੰ ਮਹਿਲ ਦੀ ਵੱਡੀ ਕੰਧ ਤੋਂ
ਧੱਕਾ ਦੇ ਦਿੱਤਾ। ਉਹ ਥੱਲੇ
ਪੱਥਰਾਂ ਤੇ ਡਿੱਗ ਕੇ ਮਰ ਗਈ।



ਏਲੀਆਹ ਨਾਲ ਕੀ ਹੋਇਆ? ਇੱਕ ਦਿਨ ਪਰਮੇਸ਼ਵਰ ਨੇ ਅੱਗ ਵਾਲੇ ਰੱਥ ਅੱਗ ਦੇ ਘੋੜਿਆਂ ਨਾਲ ਘੱਲੇ; ਅਤੇ ਏਲੀਆਹ, ਪਰਮੇਸ਼ਵਰ ਦਾ ਅੱਗ ਵਾਲਾ ਮਨੁੱਖ ਉਸ ਹਵਾਂ ਦੇ ਨਾਲ ਸਵਰਗ ਨੂੰ ਚਲਾ ਗਿਆ।

# ਅੱਗ ਵਾਲਾ ਮਨੁੱਖ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

1 ਰਾਜਿਆ ਦੀ ਕਿਤਾਬ 17-19,
2 ਰਾਜਿਆ ਦੀ ਕਿਤਾਬ 2

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੋਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੁੰਨਾ ਦੀ ਇੰਜ਼ੀਲ 3:16